SAVED BY THE BEEP

ਸਤੰਬਰ 28 ਟੈਸਟ ਯੂਅਰ ਸਮੋਕ ਅਲਾਰਮ ਡੇਅ

PUNJABI

# ਆਓ ਇਕੱਠੇ ਮਿਲਕੇ ਓਂਟਾਰੀਓ ਨੂੰ ਅੱਗ ਤੋਂ ਸੁਰੱਖਿਅਤ ਰੱਖੀਏ!

ਟੈਸਟ ਯੂਅਰ ਸਮੋਕ ਅਲਾਰਮ ਡੇਅ ਬਾਰੇ ਹੋਰ ਜਾਣਕਾਰੀ ਲਈ, [ਵੈੱਬਸਾਈਟ ਲਿੰਕ] 'ਤੇ ਜਾਓ




WWW.TESTYOURSMOKEALARMDAY.CA

TEST YOUR SMOKE ALARM DAY

#SavedByTheBeep

SAVED BY THE BEEP
ਸਤੰਬਰ 28 ਟੈਸਟ ਯੂਅਰ ਸਮੋਕ ਅਲਾਰਮ ਡੇਅ

**ਸਤੰਬਰ 28ਓਂਟਾਰੀਓ ਦਾ ਟੈਸਟ ਯੂਅਰ ਸਮੋਕ ਅਲਾਰਮ ਡੇਅ ਹੈ!**

**ਓਂਟਾਰੀਓ ਦੇ ਸਾਰੇ ਵਾਸੀਆਂ ਨੂੰ ਸਮੋਕ ਅਲਾਰਮ (ਧੂੰਏਂ ਵਾਲੇ ਅਲਾਰਮ), ਅੱਗ ਦੀ ਸੁਰੱਖਿਆ, ਅਤੇ ਘਰੇਲੂ ਅੱਗ ਤੋਂ ਬਚਣ ਦੀ ਯੋਜਨਾ ਬਾਰੇ ਹੋਰ ਜਾਣਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਜੋ ਤੁਹਾਨੂੰ ਅਤੇ ਤੁਹਾਡੇ ਅਜ਼ੀਜ਼ਾਂ ਨੂੰ ਬਚਾ ਸਕਦਾ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਇਹ ਚਾਹੁੰਦੇ ਹਾਂ ਕਿ ਤੁਸੀਂ ਆਪਣੇ ਸਮੋਕ ਅਲਾਰਮਾਂ ਦੀ ਜਾਂਚ ਕਰੋ!**

**ਕੰਮ ਕਰਨ ਦੀ ਹਾਲਤ ਵਾਲੇ ਸਮੋਕ ਅਲਾਰਮ ਨਾਲ ਨਾ ਸਿਰਫ਼ ਤੁਹਾਡੀ ਜਾਨ ਬਚੇਗੀ – ਸਗੋਂ ਇਹ ਕਾਨੂੰਨ ਵੀ ਹੈ**

**ਓਂਟਾਰੀਓ ਦੇ ਹਰ ਘਰ ਲਈ ਕਾਨੂੰਨ ਦੁਆਰਾ ਹਰ ਮੰਜ਼ਿਲ 'ਤੇ ਅਤੇ ਸੌਣ ਵਾਲੇ ਸਾਰੇ ਖੇਤਰਾਂ ਦੇ ਬਾਹਰ ਕੰਮ ਕਰਨ ਦੀ ਹਾਲਤ ਵਾਲੇ ਸਮੋਕ ਅਲਾਰਮ ਲੱਗੇ ਹੋਣੇ ਚਾਹੀਦੇ ਹਨ। ਵਾਧੂ ਸੁਰੱਖਿਆ ਲਈ, ਹਰ ਬੈੱਡਰੂਮ ਵਿੱਚ ਕੰਮ ਕਰਨ ਦੀ ਹਾਲਤ ਵਾਲੇ ਸਮੋਕ ਅਲਾਰਮ ਲਗਾਓ।**

## ਘਰ ਦੇ ਮਾਲਕ

**ਘਰ ਦੇ ਮਾਲਕਾਂ ਨੂੰ ਆਪਣੇ ਘਰਾਂ ਦੀ ਹਰ ਮੰਜ਼ਿਲ 'ਤੇ ਅਤੇ ਸੌਣ ਵਾਲੇ ਸਾਰੇ ਖੇਤਰਾਂ ਦੇ ਬਾਹਰ ਸਮੋਕ ਅਲਾਰਮ ਲਗਾਉਣੇ ਚਾਹੀਦੇ ਹਨ ਅਤੇ ਉਨ੍ਹਾਂ ਦਾ ਰੱਖ-ਰਖਾਓ ਕਰਨਾ ਚਾਹੀਦਾ ਹੈ। ਵਾਧੂ ਸੁਰੱਖਿਆ ਲਈ, ਹਰ ਬੈੱਡਰੂਮ ਵਿੱਚ ਕੰਮ ਕਰਨ ਦੀ ਹਾਲਤ ਵਾਲੇ ਸਮੋਕ ਅਲਾਰਮ ਲਗਾਓ।**

## ਇਮਾਰਤ ਦੇ ਮਾਲਕ

**ਇਮਾਰਤ ਦੇ ਮਾਲਕ ਆਪਣੀਆਂ ਕਿਰਾਏ ਦੀਆਂ ਜਾਇਦਾਦਾਂ ਵਿੱਚ ਕੰਮ ਕਰਨ ਦੀ ਹਾਲਤ ਵਾਲੇ ਸਮੋਕ ਅਲਾਰਮਾਂ ਨੂੰ ਲਗਾਉਣ ਅਤੇ ਉਨ੍ਹਾਂ ਦਾ ਰੱਖ-ਰਖਾਓ ਕਰਨਲਈ ਜ਼ਿੰਮੇਵਾਰ ਹਨ।**

**ਇਮਾਰਤ ਦੇ ਮਾਲਕਾਂ ਨੂੰ ਕਿਰਾਏ ਵਾਲੀਆਂ ਯੂਨਿਟਾਂ ਵਿੱਚ ਸਮੋਕ ਅਲਾਰਮਾਂ ਦੀ ਸਾਲਾਨਾ ਅਤੇ ਜਦੋਂ ਬੈਟਰੀ ਬਦਲੀ ਜਾਂਦੀ ਹੈ, ਇਲੈਕਟ੍ਰਿਕ ਸਰਕਟ ਵਿੱਚ ਤਬਦੀਲੀਆਂ ਕੀਤੀਆਂ ਜਾਂਦੀਆਂ ਹਨ, ਜਾਂ ਕਿਰਾਏਦਾਰੀ ਵਿੱਚ ਤਬਦੀਲੀ ਹੁੰਦੀ ਹੈ, ਜਾਂਚ ਕਰਨ ਦੀ ਜ਼ਰੂਰਤ ਹੁੰਦੀ ਹੈ ।**

## ਕਿਰਾਏਦਾਰ

**ਜੇਕਰ ਕਿਰਾਏ ਦੀ ਯੂਨਿਟ ਵਿੱਚ ਸਮੋਕ ਅਲਾਰਮ ਡਿਸਕਨੈਕਟ ਕੀਤਾ ਗਿਆ ਹੈ, ਕੰਮ ਨਹੀਂ ਕਰ ਰਿਹਾ ਹੈ, ਜਾਂ ਖਰਾਬ ਹੈ, ਤਾਂ ਕਿਰਾਏਦਾਰਾਂ ਨੂੰ ਕਾਨੂੰਨ ਦੀ ਲੋੜ ਅਨੁਸਾਰ ਦੁਆਰਾ ਇਮਾਰਤ ਦੇ ਮਾਲਕ ਨੂੰ ਸੂਚਿਤ ਕਰਨ ਦੀ ਜ਼ਰੂਰਤ ਹੁੰਦੀ ਹੈ।**

**ਕਿਰਾਏਦਾਰਾਂ ਦੁਆਰਾ ਬੈਟਰੀਆਂ ਨੂੰ ਹਟਾਉਣਾ ਜਾਂ ਅਲਾਰਮ ਨਾਲ ਛੇੜਛਾੜ ਕਰਨਾ ਕਾਨੂੰਨ ਦੇ ਵਿਰੁੱਧ ਹੈ।**

SAVED BY THE BEEP

ਸਤੰਬਰ 28 ਟੈਸਟ ਯੂਅਰ ਸਮੋਕ ਅਲਾਰਮ ਡੇਅ

## ਸਮੋਕ ਅਲਾਰਮਾਂ ਨੂੰ ਲਗਾਉਣਾ, ਟੈਸਟ ਕਰਨਾ ਅਤੇ ਰੱਖ-ਰਖਾਓ ਕਰਨਾ।

**ਸਮੋਕ ਅਲਾਰਮਾਂ ਦੀਆਂ ਕਈ ਕਿਸਮਾਂ ਹਨ। ਸਮੋਕ ਅਲਾਰਮ ਹਾਰਡਵਾਇਰ, ਬੈਟਰੀ ਨਾਲ ਚੱਲਣ ਵਾਲੇ, ਜਾਂ ਦੋਵੇਂ ਹੋ ਸਕਦੇ ਹਨ। ਸਮੋਕ ਅਲਾਰਮ ਨੂੰ ਬਦਲਦੇ ਸਮੇਂ, ਤੁਹਾਨੂੰ ਇਸਨੂੰ ਉਸੇ ਕਿਸਮ ਨਾਲ ਬਦਲਣਾ ਚਾਹੀਦਾ ਹੈ, ਜਿਸ ਕਿਸਮ ਦਾ ਉਹ ਪਹਿਲਾਂ ਸੀ।**

**ਧੂਆਂ ਉੱਤੇ ਵੱਲ ਉੱਠਦਾ ਹੈ – ਤੁਹਾਡੇ ਸਮੋਕ ਅਲਾਰਮਾਂ ਨੂੰ ਲਗਾਉਣ ਲਈ ਛੱਤ ਸਭ ਤੋਂ ਵਧੀਆ ਟਿਕਾਣਾ ਹੈ। ਬਾਥਰੂਮਾਂ, ਹੀਟਿੰਗ ਉਪਕਰਣਾਂ, ਖਿੜਕੀਆਂ ਅਤੇ ਛੱਤ ਵਾਲੇ ਪੱਖਿਆਂ ਦੇ ਨੇੜੇ ਅਲਾਰਮ ਲਗਾਉਣ ਤੋਂ ਬਚੋ। ਸਮੋਕ ਅਲਾਰਮ ਲਗਾਉਣ ਵੇਲੇ ਹਮੇਸ਼ਾ ਨਿਰਮਾਤਾ ਦੀਆਂ ਹਿਦਾਇਤਾਂ ਦੀ ਪਾਲਣਾ ਕਰੋ।**

**ਟੈਸਟ ਬਟਨ ਦਬਾ ਕੇ ਅਤੇ ਤਿੰਨ-ਬੀਪ ਅਲਾਰਮ ਸੁਣ ਕੇ ਘੱਟੋ-ਘੱਟ ਹਰ ਮਹੀਨੇ ਸਮੋਕ ਅਲਾਰਮਾਂ ਦੀ ਜਾਂਚ ਕਰੋ।**

**ਸਮੋਕ ਅਲਾਰਮ ਦੀਆਂ ਬੈਟਰੀਆਂ ਨੂੰ ਸਾਲ ਵਿੱਚ ਘੱਟੋ-ਘੱਟ ਇੱਕ ਵਾਰ, ਅਤੇ ਘੱਟ-ਬੈਟਰੀ ਦੀ ਚੇਤਾਵਨੀ ਦੇਣ ਵੇਲੇ ਬਦਲੋ।**

**ਸਮੋਕ ਅਲਾਰਮ ਹਮੇਸ਼ਾ ਲਈ ਕੰਮ ਨਹੀਂ ਕਰਦੇ ਹਨ। ਸਮੋਕ ਅਲਾਰਮਾਂ ਨੂੰ ਨਿਰਮਾਤਾ ਦੀਆਂ ਹਦਾਇਤਾਂ ਅਨੁਸਾਰ, ਆਮ ਤੌਰ 'ਤੇ ਹਰ 10 ਸਾਲਾਂ ਬਾਅਦ ਬਦਲੋ।**

**ਆਪਸ ਵਿੱਚ ਜੁੜੇ ਹੋਏ ਸਮੋਕ ਅਲਾਰਮਾਂ ਨੂੰ ਬਦਲਣ ਵੇਲੇ ਇੱਕੋ ਸਮੇਂ ਸਿਸਟਮ ਵਿੱਚ ਸਾਰੀਆਂ ਯੂਨਿਟਾਂ ਨੂੰ ਬਦਲਣ ਦੀ ਸਲਾਹ ਦਿੱਤੀ ਜਾਂਦੀ ਹੈ। ਜੇਕਰ ਤੁਹਾਨੂੰ ਇੱਕ ਖਰਾਬ ਅਲਾਰਮ ਨੂੰ ਬਦਲਣ ਦੀ ਜ਼ਰੂਰਤ ਹੈ, ਤਾਂ ਇਹ ਯਕੀਨੀ ਬਣਾਓ ਕਿ ਨਵਾਂ ਅਲਾਰਮ ਮੌਜੂਦਾ ਯੂਨਿਟਾਂ ਦੇ ਅਨੁਕੂਲ ਹੈ। ਤੁਸੀਂ ਇੱਕ ਹਾਰਡਵਾਇਰਡ ਸਮੋਕ ਅਲਾਰਮ ਨੂੰ ਬੈਟਰੀ ਦੁਆਰਾ ਸੰਚਾਲਿਤ ਸਮੋਕ ਅਲਾਰਮ ਨਾਲ ਨਹੀਂ ਬਦਲ ਸਕਦੇ ਹੋ।**

**#SavedByTheBeep**

## ਪਰੇਸ਼ਾਨ ਕਰਨ ਵਾਲੇ ਅਲਾਰਮਾਂ ਦਾ ਪ੍ਰਬੰਧਨ ਕਰੋ

**ਜੇਕਰ ਖਾਣਾ ਪਕਾਉਣ ਜਾਂ ਸ਼ਾਵਰ ਦੀ ਵਰਤੋਂ ਕਰਨ ਕਾਰਨ ਸਮੋਕ ਅਲਾਰਮ ਅਕਸਰ ਕਿਰਿਆਸ਼ੀਲ ਹੁਦਾ ਹੈ, ਤਾਂ ਬੈਟਰੀ ਨਾ ਹਟਾਓ।**

**ਸਮੋਕ ਅਲਾਰਮ ਨੂੰ ਉੱਥੋ ਹਟਾਉਣ ਦੀ ਕੋਸ਼ਿਸ਼ ਕਰੋ, ਹੁਸ਼ ਵਿਸ਼ੇਸ਼ਤਾ ਵਾਲਾ ਸਮੋਕ ਅਲਾਰਮ ਖਰੀਦੋ, ਜਾਂ ਰਸੋਈਆਂ ਦੇ ਨੇੜੇ ਸਥਿਤ ਅਲਾਰਮ ਨੂੰ ਫ਼ੋਟੋਇਲੈਕਟ੍ਰਿਕ ਕਿਸਮਾਂ ਨਾਲ ਬਦਲੋ।**

## ਜੇਕਰ ਸਮੋਕ ਅਲਾਰਮ ਵੱਜਦਾ ਹੈ, ਤਾਂ ਕੀ ਕਰਨਾ ਹੈ

**ਜੇਕਰ ਤੁਹਾਡੇ ਸਮੋਕ ਅਲਾਰਮ ਨੂੰ ਧੂੰਏਂ ਦਾ ਪਤਾ ਲੱਗ ਜਾਂਦਾ ਹੈ, ਤਾਂ ਇਹ ਇੱਕ ਉੱਚੀ ਆਵਾਜ਼ ਵਿੱਚ ਤਿੰਨ-ਬੀਪ ਵਾਲਾ ਅਲਾਰਮ ਪੈਟਰਨ ਵਜਾਏਗਾ।**

**ਅੱਗ ਲੱਗਣ ਦੀ ਹਾਲਤ ਵਿੱਚ, ਤੁਹਾਡੇ ਕੋਲ ਖ਼ਤਰੇ ਤੋਂ ਸੁਰੱਖਿਅਤ ਢੰਗ ਨਾਲ ਬਚਣ ਲਈ 60 ਸਕਿੰਟਾਂ ਤੋਂ ਘੱਟ ਸਮਾਂ ਹੋ ਸਕਦਾ ਹੈ। ਘਰ ਦੀ ਅੱਗ ਤੋਂ ਬਚਣ ਦੀ ਯੋਜਨਾ ਬਾਰੇ ਸਾਰੇ ਪਰਿਵਾਰਕ ਮੈਂਬਰਾਂ ਅਤੇ ਮਹਿਮਾਨਾਂ ਨਾਲ ਗੱਲ ਕਰਨਾ ਅਤੇ ਸਾਲ ਵਿੱਚ ਦੋ ਵਾਰ ਯੋਜਨਾ ਦਾ ਅਭਿਆਸ ਕਰਨਾ ਮਹੱਤਵਪੂਰਨ ਹੈ।**

**ਜੇਕਰ ਤੁਹਾਡੇ ਘਰ ਵਿੱਚ ਅੱਗ ਲੱਗ ਜਾਂਦੀ ਹੈ, ਤਾਂ ਆਪਣੇ ਪਰਿਵਾਰ ਦੀ ਘਰੇਲੂ ਅੱਗ ਤੋਂ ਬਚਣ ਦੀ ਯੋਜਨਾ ਬਣਾਓ। ਬਾਹਰ ਨਿਕਲਣਾ ਯਾਦ ਰੱਖੋ, ਬਾਹਰ ਰਹੋ ਅਤੇ 911 'ਤੇ ਕਾਲ ਕਰੋ। ਕਿਸੇ ਵੀ ਚੀਜ਼ ਜਾਂ ਕਿਸੇ ਵੀ ਵਿਅਕਤੀ ਲਈ ਜਲਦੇ ਘਰ ਦੇ ਅੰਦਰ ਕਦੇ ਵੀ ਵਾਪਸ ਨਾ ਜਾਓ।**




**#SavedByTheBeep**